ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ...1860...　　　　ਮਿਤੀ: ...27/6/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 27/06/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 47,48 ਮਿਤੀ 27/06/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 1861-1864　　　　**ਮਿਤੀ:** 27/6/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 27/06/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 47<br>27/06/2023 | ਰਿਪੋਰਟ ਵੱਲੋ ਕਾਰਪੋਰੇਸ਼ਨ ਇੰਜੀਨੀਅਰ ਕਿ ਨਗਰ ਨਿਗਮ ਫਗਵਾੜਾ ਦੀ ਹਦੂਦ ਅੰਦਰ ਕਾਫ਼ੀ ਸਾਰੇ Dark Spot ਹਨ ਅਤੇ ਕੁੱਝ ਪੁਰਾਣੀਆਂ ਲਾਈਟਾਂ ਕਾਫ਼ੀ ਖਸਤਾ ਹਨ ਜਿਨਾ ਨੂੰ ਠੀਕ ਨਹੀ ਕੀਤਾ ਜਾ ਸਕਦਾ ਅਤੇ ਕੁੱਝ ਨਵੇਂ ਏਰੀਏ ਵਿੱਚ ਵੀ ਮੋਹਤਬਾਰਾਂ ਵੱਲੋਂ ਵੀ ਲਾਈਟਾਂ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ, ਇਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਜੋਨ ਏ. ਅਤੇ ਬੀ. ਵਿੱਚ ਨਵੀਆਂ ਐਲ.ਈ.ਡੀ ਲਾਈਟਾਂ ਲਗਾਉਣ ਦਾ ਤਖਮੀਨਾ 38.57 ਲੱਖ ਦਾ ਤਿਆਰ ਕੀਤਾ ਗਿਆ ਸੀ।ਤਖਮੀਨਾ ਸੀ.ਐਸ.ਆਰ. ਅਤੇ ਐਨ.ਐਸ. ਰੇਟਾਂ ਦੇ ਅਧਾਰਿਤ ਹੈ। ਇਹ ਤਿਆਰ ਕੀਤਾ ਤਖਮੀਨਾ ਮੁੱਖ ਇੰਜੀ. ਸਥਾਨਕ ਸਰਕਾਰ ਵਿਭਾਗ ਜੀ ਨੂੰ ਦਫ਼ਤਰੀ ਪੱਤਰ ਨੰ. 1657 ਮਿਤੀ 13-6-2023 ਨੂੰ ਤਕਨੀਕੀ ਵੈਟਿੰਗ ਲਈ ਭੇਜਿਆ ਸੀ, ਮੁੱਖ ਇੰਜੀ. ਚੰਡੀਗੜ੍ਹ ਦੇ ਪੱਤਰ ਨੰ. ਸੀ.ਈ.-2023/35182 ਮਿਤੀ 26-06-2023 ਤਖਮੀਨਾ 32,66,006.00 ਰੁਪਏ ਦਾ ਵੈੱਟ ਕੀਤਾ ਗਿਆ ਹੈ।ਇਹ ਕੰਮ ਰੁਲਾਂ ਅਨੁਸਾਰ ਟੈਂਡਰ ਲੱਗਾ ਕੇ ਕਰਵਾਇਆ ਜਾਵੇਗਾ।ਇੱਥੇ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ। ਉਕਤ ਅਨੁਸਾਰ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| 2 | 48<br>27/06/2023 | ਰਿਪੋਰਟ ਵੱਲੋ ਕਾਰਪੋਰੇਸ਼ਨ ਇੰਜੀਨੀਅਰ ਕਿ ਨਗਰ ਨਿਗਮ ਫਗਵਾੜਾ ਦੀ ਹਦੂਦ ਅੰਦਰ ਕਾਫ਼ੀ ਸਾਰੇ Dark Spot ਹਨ ਅਤੇ ਕੁੱਝ ਪੁਰਾਣੀਆਂ ਲਾਈਟਾਂ ਕਾਫ਼ੀ ਖਸਤਾ ਹਨ ਜਿਨਾ ਨੂੰ ਠੀਕ ਨਹੀ ਕੀਤਾ ਜਾ ਸਕਦਾ ਅਤੇ ਕੁੱਝ ਨਵੇਂ ਏਰੀਏ ਵਿੱਚ ਵੀ ਮੋਹਤਬਾਰਾਂ ਵੱਲੋਂ ਵੀ ਲਾਈਟਾਂ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ, ਇਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਜੋਨ ਸੀ. ਅਤੇ ਡੀ. ਵਿੱਚ ਨਵੀਆਂ ਐਲ.ਈ.ਡੀ ਲਾਈਟਾਂ ਲਗਾਉਣ ਦਾ ਤਖਮੀਨਾ 41.42 ਲੱਖ ਦਾ ਤਿਆਰ ਕੀਤਾ ਗਿਆ ਸੀ। ਤਖਮੀਨਾ ਸੀ.ਐਸ.ਆਰ. ਅਤੇ ਐਨ.ਐਸ. ਰੇਟਾਂ ਦੇ ਅਧਾਰਿਤ ਹੈ। ਇਹ ਤਿਆਰ ਕੀਤਾ ਗਿਆ ਤਖਮੀਨਾ ਮੁੱਖ ਇੰਜੀ. ਸਥਾਨਕ ਸਰਕਾਰ ਵਿਭਾਗ ਜੀ ਨੂੰ ਦਫ਼ਤਰੀ ਪੱਤਰ ਨੰ. 1657 ਮਿਤੀ 13-6-2023 ਨੂੰ ਤਕਨੀਕੀ ਵੈਟਿੰਗ ਲਈ ਭੇਜਿਆ ਸੀ, ਮੁੱਖ ਇੰਜੀ. ਚੰਡੀਗੜ੍ਹ ਦੇ ਪੱਤਰ ਨੰ. ਸੀ.ਈ.-2023/35182 ਮਿਤੀ 26-06-2023 ਤਖਮੀਨਾ 35,10,762.00 ਰੁਪਏ ਦਾ ਵੈੱਟ ਕੀਤਾ ਗਿਆ ਹੈ। ਇਹ ਕੰਮ ਰੂਲਾਂ ਅਨੁਸਾਰ ਟੈਂਡਰ ਲੱਗਾ ਕੇ ਕਰਵਾਇਆ ਜਾਵੇਗਾ। ਇੱਥੇ ਦੱਸਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 5/71/2017/MEO/DA/334 ਮਿਤੀ 23-03-2020 ਰਾਂਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਸਨ। ਉਕਤ ਅਨੁਸਾਰ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ
ਨਗਰ ਨਿਗਮ, ਫਗਵਾੜਾ